ਜਿ: ੧ ਨੰ: ੪੯. 318 ਅਪ੍ਰੈਲ ੧੯੨੧

ਕਟ... ਸਤਿਜੁਗ ਵਰਤਾਊ
ਤ... ਰਵਾਂ ਖਪ ਕਹਾਊ
ਰਾਮ ਸਿ... ਉਠ ਨੀਤਨ ਭਰੇ

ਸਤਿਜੁਗ ਸਚੁ ਕਹੇ ਸਭ ਕੋਈ
ਘਰਿ ਘਰਿ ਭਗਤਿ ਗੁਰਮੁਖਿ ਹੋਈ
ਅਵਨੀ ਏਕ ਰਸੌਦੀ ਕਰੈ

ਸਤਿਜੁਗ

ਚੰਦਾ ਸਾਲਾਨਾਂ ੪। =
ਛਮਾਹੀ ੨। =
ਐਡੀਟਰ ਨਿਧਾਨਸਿੰਘ "ਆਲਮ" { ਦਾਪੂ ਨਿਵਾਸੀ ... ਕੋਲੋਂ

ਪਰਚਾ ਨੰ: ੪੯ } ਬੁਧਵਾਰ, ੧੮ ਚੇਤ੍ਰ ੧੯੭੭ ਬਿ: ਮੁਤਾਬਿਕ ੩੦ ਮਾਰਚ ੧੯੨੧ ਈ: { ਜਿਲਦ ਨੰ: ੧

ਭੈਣੀ ਸਾਹਿਬ ਵਿਚ ਸਤਿਗੁਰੂ ਰਾਮਸਿੰਘ ਜੀ ਨਾਲ ਜੰਗੀ ਲਾਟ ਦੀ ਮੁਲਾਕਾਤ

(ਵਲੋਂ ਸ਼੍ਰੀਮਾਨ ਭਾਈ ਨਿਰੰਕਾਰ ਸਿੰਘ ਜੀ 'ਚੇਤਨ')

ਗੁਰਾਂ ਆਖਿਆ ਲਾਟ ਜੀ ਸੱਚ ਦੱਸੋ, ਕਾਹਨੂੰ ਨਾਲ ਬਹਾਨਿਆਂ ਟਾਲਦੇ ਓ।
ਕੇਹੜੀ ਗਲ ਦਾ ਪਤਾ ਹੈ ਤੁਸਾਂ ਲੈਣਾਂ, ਕੇਹੜੀ ਚੀਜ਼ ਪੈ ਢੂੰਡਦੇ ਭਾਲਦੇ ਓ।
ਦੱਸੋ ਹੋਗ ਤੇ ਔਖਦੀ ਲਵੋ ਸਾਥੋਂ, ਐਵੇਂ ਕਾਸ ਨੂੰ ਪੈ ਜਹਿਰ ਜਾਲਦੇ ਓ।
ਅੱਗੋਂ ਲਾਟ ਨੇ ਆਖਿਆ ਸਤਿਗੁਰੂ ਜੀ, ਸੁਣਿਆਂ ਅਸਾਂ ਤੁਸੀ ਤੋਪਾਂ ਢਾਲਦੇ ਓ।।੧॥
ਗੁਰਾਂ ਆਖਿਆਂ ਗਲ ਹੈ ਠੀਕ ਬਿਲਕੁਲ, ਨਹੀਂ ਲੋੜ ਸਾਨੂੰ ਝੂਠ ਕਪਟ ਛਲ ਦੀ।
ਧਿਆਨ ਪਿਆ ਰੈਂਹਦਾ ਹੈ ਅਠੋਤਰੀ ਦਾ, ਤੋਪ ਇੱਕ ਸੌ ਅੱਠ ਹੈ ਨਿਤ ਢਲਦੀ।
ਰਹ੍ਹੀ ਰਹੇ ਭੱਠੀ ਨਿਤ ਸ਼ਾਂਤੀ ਦੀ, ਹੇਠ ਗਿਆਨ ਵਿਵੇਕ ਦੀ ਅੱਗ ਬਲਦੀ ॥੨॥
ਪਏ ਪੂਰ ਉੱਤੇ ਪੂਰ ਲਾਹੁਨੇ ਹਾਂ, ਸੁਆਸ ਸੁਆਸ ਹੈ ਪਈ ਮਸ਼ੀਨ ਚਲਦੀ।
ਮਾਲਾ ਗਲੋਂ ਉਤਾਰ ਕੇ ਚਾਹ ਦੱਸੀ, ਇਹਾ ਏਸ ਸਭ ਕਾਜ ਸਵਾਰਨੇਂ ਨੇਂ।
ਉੱਤੇ ਜ਼ਾਲਮਾਂ ਅਤੇ ਹੰਕਾਰੀਆਂ ਦੇ, ਏਸ ਤੋਪਖਾਨੇ ਅੱਗੇ ਹਾਰਨੇਂ ਨੇਂ।
ਨਾਮ ਭਜਨ ਦੇ ਗੋਲਿਆਂ ਨਾਲ ਲਾਟਾ, ਸਾਰੀ ਧਰਤ ਦੇ ਮੋਰਚੇ ਮਾਰਨੇਂ ਨੇ।
ਕੁਲ ਕਲਾ ਕਲੇਸ਼ ਦਾ ਨਾਸ ਕਰਕੇ, "ਚੇਤਨ" ਸ੍ਰਿਸ਼ਟ ਦੇ ਕਸ਼ਟ ਨਿਵਾਰਨੇ ਨੇਂ॥੩॥

ਮਹਾਤਮਾਂ ਗਾਂਧੀ ਜੀ ਨੂੰ ਹਿੰਦੁਸਤਾਨਵਿਚੋਂ ਜਲਾਵਤਨ ਕਰਦਿਤਾ ਜਾਵੇ

ਲੰਦਨ ਤੋਂ ਇਕਤਾਰ ਪ੍ਰਗਟ ਹੈ ਕਿ ਹਾਉਸ ਆਫ ਕਾਮੰਜ ਵਿਚ ਪ੍ਰਸ਼ਨਾਂ ਦੇਸਮੇਂ ਮਿਸਟਰ ਮਾਂਟੇਗੋ ਵਜ਼ੀਰ ਹਿੰਦਨੇ ਬਿਆਨ ਕੀਤਾ ਕਿ ਏਸ ਗੱਲ ਦੀ ਪੂਰੀਕੋਸ਼ਸ਼ ਕੀਤੀ ਜਾ ਰਹੀ ਹੈ ਕਿ ਹਿੰਦੁਸਤਾਨ ਵਿਚ ਬੋਲਸ਼ ਵੇਕ ਤਹਿਰੀਕ (ਹਲਚਲ) ਵਧ ਨਾ ਜਾਵੇ । ਅਤੇ ਇਸ ਨੂੰ ਦਬਾਣ ਹਿਤ ਪੂਰਿਆਂ ਵਸੀਲਿਆਂ ਤੋਂ ਕੰਮ ਲਿਆ ਜਾਵੇਗਾ । ਕਰਨਲ ਯਾਤ ਨੇ ਆਖਿਆਕਿ ਜਦੋਂ ਮਹਾਤਮਾਂ ਗਾਂਧੀ ਨੇ ਇਹ ਲਿਖਿਆ ਹੈ ਕਿ ਉਹ ਬਰਿਟਿਸ਼ ਹਕੂਮਤ (ਅੰਗ੍ਰੇਜ਼ੀ-ਰਾਜ) ਨਾਲੋਂ ਬੋਲਸ਼ਵੇਕੀ ਰਾਜ ਨੂੰ ਚੰਗਾ ਸਮਝਦੇ ਹਨ । ਇਸ ਲਈ ਉਨ੍ਹਾਂ ਨੂੰ ਬੋਲਸ਼ਵੇਕੀ ਏਜੰਟ ਹੋਣ ਦੀ ਹਸੀਯੱਤ ਵਿਚ ਹਿੰਦੁਸਤਾਨ ਵਿਚੋਂ ਜਲਾਵਤਨ ਕਰਦਿਤਾ ਜਾਵੇ । ਮਿਸਟਰ ਮਾਂਟੇਗੋ ਨੇ ਉੱਤ੍ਰ ਦਿਤਾ ਕਿ ਹਿੰਦੁਸਤਾਨ ਵਿਚ ਅਮਨ ਕੈਮ ਰਖੱਣ ਹਿਤ ਸਾਰੇ ਕੰਮਸ੍ਰਕਾਰ ਹਿੰਦ ਦੇ ਹੱਥ ਵਿਚ ਹੀ ਰਹਿਣ ਦੇਣੇ ਚਾਹੀਦੇ ਹਨ ।

ਮਹਾਂਤਮਾਂ ਗਾਂਧੀ ਦੀ ਗ੍ਰਿਫ਼ਤਾਰੀ ਦਾ ਸਮਾਂ ਬਹੁਤ ਨੇੜੇ ਆਗਿਆ

ਇਕ ਹਿੰਦੀ ਅਖਬਾਰ ਲਿਖਦਾ ਹੈ ਕਿ ਕਲੱਕਤੇ ਵਿਚ ਇਸ ਵੇਲੇ ਇਹ ਅਫਵਾਹ ਗਰਮ ਹੈ ਕਿ ਮਹਾਤਮਾਂ ਜੀ ਨੂੰ ਸ੍ਰਕਾਰ ਹਿੰਦ ਛੇਤੀਹੀ ਗਰਫਤਾਰ ਕਰਨ ਵਾਲੀਹੈ ! ਇਸ ਦਾ ਕਾਰਨ ਏਹ ਦੱਸਿਆ ਗਿਆ ਹੈ ਕਿ ਜਦੋਂ ਅਫਗਾਨੀ ਸ੍ਰਕਾਰ ਅਤੇਬੋ ਲਸ਼ਵੇ.. ਦੀ ਆਪਸ ਵਿਚ ਸੁਲਾ ਹੋਗਈ ਹੈ ਅਤੇ ਅੰਗਰੇਜ਼ਾਂ ਅਤੇ ਅਫਗਾਨਾਂ ਵਿਚ ਕੋਈ ਸੁਲਾ ਨਹੀ ਹੋਈ ਏਸ ਲਈ ਡਰ ਹੈ ਕਿ ਬੋਲਸ਼ਵੇਕ ਹਿੰਦੁਸਤਾਨ ਵਿਚ ਨਾ ਚਰਨ ਪਾ ਦੇਣ । ਸ੍ਰਕਾਰ ਹਿੰਦ ਨੂੰ ਫੌਜ ਨੂੰ ਬਲੀ ਕਰਨ ਲਈ ਨਵੇ । ਰੰਗਰੂਟਾਂ ਦੀ ਲੋੜ ਹੈ ਪ੍ਰੰਤੂ ਮਹਾਤਮਾ ਦੀ ਐਜੀਟੇਸ਼ਨ ਦੇ ਕਾਰਨ ਹਿੰਦੁਸਤਾਨ ਵਿਚੋਂ ਨਵੇ ਰੰਗਰੂਟ ਨਹੀਂ ਮਿਲਨਗੇ । ਏਸ ਬਿਨਾ ਉਤੇ ਹਿੰਦੁਸਤਾਨ ਦੇ ਫੌਜੀ ਕਮਾਂਡਰ ਇੰਚੀਫ ਨੇ ਸ੍ਰਕਾਰ ਹਿੰਦ ਨੂੰ ਸੰਮਤੀ ਦਿਤੀ ਹੈ ਕਿ ਮਹਾਤਮਾਂ ਗਾਂਧੀ ਨੂੰ ਛੇਤੀ ਗਰਿਫਤਾਰਕਰ ਲਿਆ ਜਾਵੇ ਨਹੀਂ ਤਾਂ ਬੜੀ ਹੀ ਔਕੜ ਦਾ ਸਾਹਮਣਾਂ ਕਰਨਾਂ ਪਵੇਗਾ । ਏਹ ਵੀ ਅਫਵਾਹ ਹੈ ਕਿ ਸ੍ਰਕਾਰਹਿੰਦ ਨੇ ਮਹਾਤਮਾਂ ਜੀ ਨੂੰ ਗਰਿਫਤਾਰ ਕਰਨ ਸਬੰਧੀ ਵਜ਼ੀਰ ਹਿੰਦ ਨੂੰ ਲੰਡਨ ਵਿਚ ਤਾਰ ਦਿਤੀ ਹੈ ।

ਹੱਦਹੋਗਈ ਸ੍ਰਦਾਰ ਮੋਤਾਸਿੰਘ ਹੋਰੀ ਫੜੇ ਨਹੀਂ ਜਾਂਦੇ

ਸਿਆਸਤ ਅਖਬਾਰ ਵਿਚ ਇਕ ਪੱਤ੍ਰ ਪ੍ਰੇਰਕ ਦੀ ਚਿਠੀ ਪ੍ਰਕਾਸ਼ਤ ਹੋਈ ਹੈ ਕਿ ਮਾਹਲਪੁਰ ਦੇ ਥਾਣੇ ਦਾਰ ਨੇ ਹੁਸਿਆਰਪੁਰ ਇਹ ਤਾਰ ਘੱਲੀ ਹੈ ਕਿ ਸ੍ਰਦਾਰ ਮੋਤਾ ਸਿੰਘ ਅਕਾਲੀ ਦੀ ਗ੍ਰਿਫਤਾਰੀ ਲਈ ਮੇਰੇ ਪਾਸ ਪੁਲਸ ਥੋੜੀ ਹੈ ਇਸ ਪਰ ਹੁਸ਼ਿਆਰਪੁਰ ਤੋਂ ੭੦ ਸਿਪਾਈ ਕਪਤਾਨ ਪੋਲੀਸ ਅਤੇ ਹੋਰ ਦੂਜੇ ਪੁਲਸ ਦੇ ਅਫਸਰ ਸਮੇਤ ੧੦੦ ਅਸਵਾਰ ਦੇ ਓਥੇ ਘੱਲੇ ਗਏ ਪ੍ਰੰਤੂ ਇਸ ਵੇਲੇਫਤੂਹੀ ਦਾ ਦੀਵਾਨ ਸਮਾਪਤ ਹੋ ਚੁਕਾ ਸੀ । ਫੇਰ ਮੋਲਾ ਗੜ੍ਹ ਸੰਕਰ ਦੇ ਦੀਵਾਨ ਹਿਤ ਤਾਂ ਪੁਲਸ ਨੇ ਚੰਗੀ ਤਰਾਂ ਤਯਾਰੀ ਕੀਤੀ ਸੀ । ਪੁਲਸ ਦੋ ਮੀਲ ਦੇ ਫਾਸਲੇ ਤੇ ਲੁਕੀ ਰਹੀ, ਅਤੇ ਕੁਛ ਸਿਪਾਈ ਅਤੇ ਥਾਨੇਦਾਰ ਖਵਰ ਪੁਚਾਣ ਦੇ ਵਾਸਤੇ ਦੀਵਾਨ ਵਿਚ ਘੱਲੇ । ਜਦੋਂ ਸ੍ਰਦਾਰ ਮੋਤਾ ਸਿੰਘ ਜੀ ਪੰਜ ਵਜੇ ਦੀਵਾਨ ਵਿਚ ਆਏ, ਬਸ ਫੇਰ ਕੀ ਸੀ ਘੋੜੇ ਉਤੇ ਅਸਵਾਰ ਹੋਕੇ ਥਾਣੇਦਾਰ ਸਾਹਿਬ ਖਵਰ ਪੁਚਾਣ ਹਿਤ ਗੜ੍ਹ ਸ਼ੰਕਰ ਨੂੰ ਉਠ ਨੱਸੇ ਏਨੇ ਨੂੰ ਸ੍ਰਦਾਰ ਮੋਤਾ ਸਿੰਘ ਹੋਰੀ ਵੀ ਵਯਾਖਯਾਨ ਦੀ ਸਮਾਪਤੀ ਕਰਕੇ ਅਪਨੇ ਗੁਪਤ ਡੇਰੇ ਨੂੰ ਟਲੇ ਗਏ । ਸਾਰੀ ਰਾਤ ਤਿਨ੍ਹਾਂ ਪਿੰਡਾਂ ਦਾ ਟਾਕਰਾਂ ਸਿਪਾਈ ਖੜੇ ਕੀਤੇ ਨਿਸਫਲ ।

ਰਾਜ ਦ੍ਰੋਹੀ ਜਲਸੇ ਬੰ...

ਪਰਤਾਪ ਗੜ੍ਹ, ਰਾਏ ਬਰੇਲੀ, ਫੈਜ਼ਾਬਾਦ ਅਤੇ ਸੁਲਤਾਨ ਪੁਰ (ਯੂ ਪੀ) ਦੇ ਜ਼ਿਲਿਆਂ ਵਿਚ ਵੀ ਰਾਜ ਦ੍ਰੋਹੀ ਜਲਸਿਆਂ ਦੀ ਬੰਦੀ ਦਾ ਕਨੂਨ ਜਾਰੀ ਕਰ ਦਿਤਾ ਗਿਆ ਹੈ ।

ਮੁਫਤ ਕੇਵਲ ਇਕ ਮਹੀਨੇ ਲਈ ਰੇਡੀਅਮ ਰਿਸਟ ਵਾਚ

ਇਹ ਰਿਸਟ ਵਾਚ (ਘੜੀ) ਕਾਲੇ ਡਾਇਲ ਦੀ ਅਤੀ ਸੁੰਦਰ ਬਨੀ ਹੋਈ ਹੈ ਅਤੇ ਅੰਨ੍ਹੇਰੇ ਦੇ ਵਿਚ ਵਕਤ ਦਿਖਾਦੀ ਹੈ । ਬੜੀ ਮਜ਼ਬੂਤ ਹੈ । —ਕੀਮਤ ਸਿਰਫ ੬) ਰੁਪਯੇ ਡਾਕਦਾ ਖਰਚ ਮਾਫ ।

ਹੇਠਾਂ ਲਿਖੀਆਂ ਵਸਤੂਆਂ ਇਸ ਘੜੀ ਦੇ ਖ੍ਰੀਦਣਵਾਲੇ ਨੂੰ ਮੁਫਤ ਭੇਜੀਆਂ ਜਾਣਗੀਆਂ । ਇਕ ਕਲਾਈ ਉਤੇ ਬੰਨ੍ਹਣ ਵਾਲਾ ਚਮੜੇ ਦਾ ਸਟ੍ਰੈਪ ਇਕ ਸ਼ੀਸ਼ੀ ਖੁਸ਼ਬੂਦਾਰ ਤੇਲ ਦੀ ਇਕਸ਼ੀਸੀ ਸੈਂਟ ਇਕ ਡੱਬੀ ਤਾਂਬੂਲ ਬਹਾਰ ਇਕ ਟਿਕੀ ਸਾਬਣ ਇਕ ਚਾਕੂ ਇਕ ਸੀਟੀ ਇਕ ਸੈਟ ਬਟਨ ਕਮੀਜ਼, ਇਕ ਪਿਨਸਲ, ਇਕ ਟਾਈ ਰਿਸਟ ਵਾਚ ਇਕ ਖੂਬਸੂਰਤ ਸੇਫਟੀ ਪੈਨ ਇਕ ਡਬੀ ਦੰਦਾਂ ਦੇ ਮੰਜਨ ਦੀ ।

ਨੋਟ—ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਸਿਖਾਂਨੂੰ ਸ੍ਰੀ ਗੁਰੂ ਨਾਨਕ ਦੇਵ ਦੇ ਦਸਾਂ ਸਰੂਪਾਂ ਦੇ ਦਰਸ਼ਨਾਂਦੀ ਅੰਗੂਠੀ ਹੋਰ ਵੀ ਇਨਾਮ ਵਿਚ ਦਿਤੀ ਜਾਵੇਗੀ ਜੇਕਰ ਓਹ ਅਪਨੀ ਚਿਠੀ ਵਿਚ ਸਾਫ ੨ ਲਿਖ ਦੇਣਗੇ ਕਿ ਓਹ ਸਤਿਗੁਰੂ ਨਾਨਕ ਦੇਵ ਜੀ ਦੇ ਸਿਖ ਹਨ ।

ਪਤਾ—ਬਾਲ ਬਹਾਰ ਆਫਸ ਦਿੱਲੀ ਨੰ: ੨

ਪ੍ਰਤਾਪਹਰੀ ਪ੍ਰੈਸ (ਬ੍ਰਾਂਡਰਥ ਰੋਡ) ਲਾਹੌਰ ਵਿਚ ਭਾਈ ਨਿਧਾਨਸਿੰਘ "ਆਲਮ" ਪ੍ਰਿੰਟਰ ਤੇ ਪਬਲਿਸ਼ਰ ਦੇ ਪ੍ਰਬੰਧ ਨਾਲ ਛਪ ਕੇ ਦਫ਼ਤਰ "ਸਤਿਜੁਗ ਅਖ਼ਬਾਰ" ਬ੍ਰਾਂਡਰਥ ਰੋਡ, ਲਾਹੌਰ ਤੋਂ ਪ੍ਰਕਾਸ਼ਿਤ ਹੋਯਾ ॥

Sri Satguru Jagjit Singh Ji eLibrary NamdhariElibrary@gmail.com